This question paper contains 3 printed pages]

*Your Roll No.*................

**330**

**B.A. (PROGRAMME)/II/III** **J**

PUNJABI LANGUAGE (B)—Paper II

(Intermediate Punjabi)

(Admissions of 2004/2006 and after in respect of the students of regular colleges/NCWEB.)

*Time* : 3 *Hours* *Maximum Marks* : 75

(*Write your Roll No. on the top immediately on receipt of this question paper.*)

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

**ਨੋਟ** :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਪੰਜਾਬੀ ਦੇ ਪ੍ਰਕਾਸ਼ਕ ਤੋਂ ਵੀ. ਪੀ. ਪੀ. ਰਾਹੀਂ ਕਿਤਾਬਾਂ ਮੰਗਵਾਉਣ ਲਈ ਚਿੱਠੀ ਲਿਖੋ ।

**ਜਾਂ**

ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਫੀਸ ਮੁਆਫੀ ਲਈ ਬਿਨੈ ਪੱਤਰ ਲਿਖੋ । 10

2. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਬਾਰੇ ਵਿਗਿਆਪਨ ਤਿਆਰ ਕਰੋ ਅਤੇ ਅਖਬਾਰ ਵਿਚ ਪ੍ਰਕਾਸ਼ਿਤ ਕਰਾਉਣ ਲਈ ਕਵਰਿੰਗ-ਪੱਤਰ ਵੀ ਲਿਖੋ ? 10

(ੳ) ਮਕਾਨ ਖਰੀਦਣ ਲਈ ।

P.T.O.

(ਅ) ਕੁੜੀ ਤੇ ਰਿਸ਼ਤੇ ਲਈ ।

(ੲ) ਕਿਤਾਬਾਂ ਦੀ ਸੇਲ ਲਈ ।

3. ਕਾਲਜ ਵਿਚ ਹੋਣ ਵਾਲੇ ਖੇਡ ਮੁਕਾਬਲਿਆਂ ਲਈ ਨੋਟਿਸ ਤਿਆਰ ਕਰੋ । 10

ਜਾਂ

ਪੰਜਾਬੀ ਦੇ ਯੋਜਕਾਂ ਨਾਲ ਜਾਣ-ਪਛਾਣ ਕਰਾਉ ।

4. ਆਪਣੇ ਬਚਪਨ ਦੀ ਕਿਸੇ ਅਭੁੱਲ ਯਾਦ ਨੂੰ ਬਿਰਤਾਂਤ ਦੇ ਰੂਪ ਵਿਚ ਲਿਖੋ । 10

ਜਾਂ

ਪੰਜਾਬੀ ਦੀ ਕਿਸੇ ਕਹਾਣੀ ਦਾ ਸਾਰ ਲਿਖੋ ।

5. ਹੇਠਾਂ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਬਾਰੇ ਪੈਰਾ-ਰਚਨਾ ਕਰੋ : 5

(ੳ) ਸਮੇਂ ਦੀ ਕਦਰ;

(ਅ) ਨਾਨਕ ਦੁਖੀਆ ਸਭੁ ਸੰਸਾਰੁ;

(ੲ) ਆਰਥਕ ਸੰਕਟ ।

6. ਕਿਸੇ ਦਾਲ ਜਾਂ ਸਬਜੀ ਦੀ ਪਕਵਾਨ-ਵਿਧੀ ਲਿਖੋ ਅਤੇ ਉਸ ਲਈ ਲੋੜੀਂਦੀ ਸਾਮਗਰੀ ਵੀ ਦਸੋ । 5

7. ਹੇਠਾਂ ਲਿਖੇ ਬਹੁਆਰਥਕ ਸ਼ਬਦਾਂ ਨੂੰ **ਦੋ-ਦੋ** ਵਾਕਾਂ ਵਿਚ ਇਸ ਤਰ੍ਹਾਂ ਵਰਤੋ ਕਿ ਵੱਖੋ-ਵੱਖਰੇ ਅਰਥ ਸਪਸ਼ਟ ਹੋ ਜਾਣ : 10

ਕਾਲ, ਘੋੜਾ, ਠੰਡ, ਡੰਡੀ, ਤਾਰ ।

8. ਹੇਠਾਂ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਇਸਦਾ ਸਾਰਾਂਸ਼ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਉ : 15

ਵੈਸੇ ਤਾਂ ਹਰ ਕਹਾਣੀ ਆਪਣੇ ਆਪ ਵਿਚ ਨਿਵੇਕਲੀ ਹੁੰਦੀ ਹੈ । ਇਸੇ ਕਰ ਕੇ ਇਹ ਪੜ੍ਹਣ ਵਾਲੇ ਤੋਂ ਵੱਖਰੀ ਤਰ੍ਹਾਂ ਦਾ ਉਚੇਤ ਮੰਗਦੀ ਹੈ । ਕੋਈ ਕਹਾਣੀ ਪਾਤਰ-ਵਿਸ਼ੇਸ਼ ਨੂੰ ਕੇਂਦਰ ਵਿਚ ਰਖਦੀ ਹੈ ਅਤੇ ਕੋਈ ਘਟਨਾ-ਵਿਸ਼ੇਸ਼ ਨੂੰ । ਕਦੀ ਕਹਾਣੀ ਉੱਤਮ-ਪੁਰਖ ਦੇ ਮੂੰਹੋਂ ਸੁਣਾਈ ਜਾਂਦੀ ਹੈ ਅਤੇ ਕਦੀ ਅਨਯ-ਪੁਰਖ ਦੇ ਮੂੰਹੋਂ । ਕਦੀ ਇਹ ਭੂਤਕਾਲ ਵਿਚ ਵਿਚਰਦੀ ਹੈ ਅਤੇ ਕਦੀ ਵਰਤਮਾਨ ਵਿਚ ਆ ਹਾਜ਼ਰ ਹੁੰਦੀ ਹੈ । ਅਜੋਕੀ ਪੰਜਾਬੀ ਦੀ ਨਿੱਕੀ-ਕਹਾਣੀ ਇਸ ਤੋਂ ਇਲਾਵਾ ਵੀ ਹੋਰ ਕਈ ਤਰ੍ਹਾਂ ਦੇ ਪ੍ਰਯੋਗ ਕਰਦੀ ਅਤੇ ਨਿੱਤ ਨਵੇਂ-ਨਵੇਂ ਰੂਪਾਂ ਵਿਚ ਪੇਸ਼ ਹੁੰਦੀ ਰਹਿੰਦੀ ਹੈ । ਅਸਲ ਵਿਚ ਨਿੱਕੀ-ਕਹਾਣੀ ਜ਼ਿੰਦਗੀ ਦੇ ਬਹੁਤ ਨੇੜੇ ਹੋ ਕੇ ਵਿਚਰਦੀ ਹੈ । ਇਸੇ ਲਈ ਇਸ ਵਿਚ ਆਧੁਨਿਕ ਜੀਵਨ ਦੀਆਂ ਗੁੰਝਲਾਂ ਜੀਵੰਤ ਰੂਪ ਵਿਚ ਨਜ਼ਰ ਆਉਂਦੀਆਂ ਹਨ । ਇਹਨਾ ਗੁੰਝਲਾਂ ਦਾ ਕੋਈ ਅੰਤ ਨਹੀਂ । ਇਹਨਾਂ ਦੇ ਅਨੇਕਾਂ ਅਨੇਕ ਖੇਤਰ ਹਨ । ਅਜੋਕੀ ਜ਼ਿੰਦਗੀ ਵਿਚ ਮਨੁੱਖੀ ਰਿਸ਼ਤੇ ਇਤਨੇ ਨਵੇਂ ਰੂਪ ਵਿਚ ਪ੍ਰਗਟ ਹੋ ਰਹੇ ਹਨ ਕਿ ਇਹਨਾ ਨੂੰ ਪਰੰਪਰਕ ਰਿਸ਼ਤਿਆਂ ਦੇ ਖਾਂਚਿਆਂ ਵਿਚ ਨਹੀਂ ਜੜ੍ਹਿਆ ਜਾ ਸਕਦਾ । ਇਹੋ ਰਿਸ਼ਤੇ ਹੁਣ ਕਹਾਣੀ ਤੋਂ ਨਵੇਂ-ਨਵੇਂ ਰੂਪਾਂ ਦੀ ਮੰਗ ਕਰਦੇ ਹਨ ।